News Release

City of Mississauga
300 City Centre Drive
Mississauga, ON L5B 3C1

mississauga.ca facebook.com/citymississauga x.com/citymississauga

# ਕੈਨੇਡਾ ਡੇ ਨੂੰ ਮਜ਼ੇਦਾਰ ਅਤੇ ਸੁਰੱਖਿਅਤ ਬਣਾਈ ਰੱਖੋ: ਪਟਾਕਿਆਂ ਦੇ ਇਹਨਾਂ ਨਿਯਮਾਂ ਦੀ ਪਾਲਣਾ ਕਰੋ

ਕੈਨੇਡਾ ਡੇ (Canada Day) ਦਾ ਜਸ਼ਨ ਜ਼ਿੰਮੇਵਾਰੀ ਨਾਲ ਮਨਾਉਣ ਨਾਲ, ਸੱਟਾਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ, ਗੁਆਂਢੀਆਂ ਦੀਆਂ ਸ਼ਿਕਾਇਤਾਂ ਘੱਟ ਹੁੰਦੀਆਂ ਹਨ ਅਤੇ ਐਮਰਜੈਂਸੀ ਸੇਵਾਵਾਂ ਉਪਲਬਧ ਰਹਿੰਦੀਆਂ ਹਨ।

16 ਜੂਨ, 2026

ਗਰਮੀਆਂ ਆ ਗਈਆਂ ਹਨ, ਅਤੇ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਕੈਨੇਡਾ ਡੇ ਮਨਾਉਣ ਲਈ ਉਤਸੁਕ ਹਨ। ਭਾਵੇਂ ਤੁਸੀਂ ਆਤਿਸ਼ਬਾਜ਼ੀ ਦੇਖਣ ਜਾ ਰਹੇ ਹੋ, ਬਾਹਰ ਸਮਾਂ ਬਿਤਾ ਰਹੇ ਹੋ, ਜਾਂ ਦੋਸਤਾਂ ਅਤੇ ਪਰਿਵਾਰ ਨਾਲ ਇਕੱਠੇ ਹੋ ਰਹੇ ਹੋ, ਇਹ ਆਰਾਮ ਕਰਨ ਅਤੇ ਆਨੰਦ ਮਾਣਨ ਦਾ ਸਮਾਂ ਹੈ। ਇਹ ਇਸ ਗੱਲ ਦੀ ਵੀ ਯਾਦ ਦਵਾਉਂਦਾ ਹੈ ਕਿ ਸਾਡੇ ਜਸ਼ਨਾਂ ਦਾ ਗੁਆਂਢੀਆਂ, ਪਾਲਤੂ ਜਾਨਵਰਾਂ ਅਤੇ ਕਮਿਊਨਿਟੀ 'ਤੇ ਅਸਰ ਪੈ ਸਕਦਾ ਹੈ।

ਸ਼ਹਿਰ ਦੇ ਨਿਯਮਾਂ ਦੀ ਪਾਲਣਾ ਕਰਨ ਨਾਲ, ਅੱਗ ਅਤੇ ਸੱਟਾਂ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਇਹ ਸ਼ੋਰ, ਪਾਰਕਿੰਗ ਦੀਆਂ ਸਮੱਸਿਆਵਾਂ ਨੂੰ ਵੀ ਘਟਾਉਂਦਾ ਹੈ ਅਤੇ ਫਸਟ ਰਿਸਪੌਂਡਰਾਂ ਨੂੰ ਅਸਲ ਐਮਰਜੈਂਸੀਆਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਆਂਢ-ਗੁਆਂਢ, ਹਰ ਕਿਸੇ ਲਈ ਸੁਰੱਖਿਅਤ ਅਤੇ ਸੁਆਗਤੀ ਬਣਦੇ ਹਨ।

## ਕੈਨੇਡਾ ਡੇ ਲਈ ਆਤਿਸ਼ਬਾਜ਼ੀ

Mississauga ਸ਼ਹਿਰ ਵਸਨੀਕਾਂ ਨੂੰ ਯਾਦ ਦਵਾ ਰਿਹਾ ਹੈ ਕਿ ਘਰ ਵਿੱਚ ਪਟਾਕਿਆਂ ਦੀ ਵਰਤੋਂ ਕਰਨ ਵੇਲੇ, ਫ਼ਾਇਰਵਰਕਸ ਬਾਇ-ਲਾਅ (Fireworks By-law), ਸੰਬੰਧਿਤ ਨਿਯਮਾਂ ਅਤੇ ਹੋਰ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ। ਇਹ ਨਿਯਮ ਸੱਟਾਂ ਨੂੰ ਘਟਾਉਣ, ਪ੍ਰਾਪਰਟੀ ਦੇ ਨੁਕਸਾਨ ਨੂੰ ਰੋਕਣ ਅਤੇ ਗੁਆਂਢੀਆਂ, ਪਾਲਤੂ ਜਾਨਵਰਾਂ ਅਤੇ ਜੰਗਲੀ ਜਾਨਵਰਾਂ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹਨ।

ਇਸ ਕੈਨੇਡਾ ਡੇ, ਤੁਸੀਂ ਬੁੱਧਵਾਰ, 1 ਜੁਲਾਈ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਆਪਣੀ ਨਿੱਜੀ ਪ੍ਰਾਪਰਟੀ 'ਤੇ, ਘਰ ਵਿਖੇ ਪਟਾਕਿਆਂ ਦੀ ਵਰਤੋਂ ਕਰ ਸਕਦੇ ਹੋ।

2025 ਵਿੱਚ, ਕੌਂਸਲ (Council) ਨੇ ਕਮਿਊਨਿਟੀ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਪਟਾਕਿਆਂ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਲਈ, ਫਾਇਰਵਰਕਸ ਬਾਇ-ਲਾਅ ਵਿੱਚ ਸੋਧ ਕਰਨ ਲਈ ਵੋਟ ਦਿੱਤੀ ਸੀ। ਇਹਨਾਂ ਤਬਦੀਲੀਆਂ ਨਾਲ ਗੈਰ-ਸੁਰੱਖਿਅਤ ਵਰਤੋਂ ਨੂੰ ਰੋਕਣਾ ਅਤੇ ਨਿਯਮਾਂ ਨੂੰ ਲਾਗੂ ਕਰਨਾ ਆਸਾਨ ਬਣਦਾ ਹੈ। ਇਹਨਾਂ ਵਿੱਚ ਸ਼ਾਮਲ ਹਨ:

City of Mississauga
300 City Centre Drive
Mississauga, ON L5B 3C1



- ਰੋਮਨ ਕੈਂਡਲ ਪਟਾਕਿਆਂ ਦੀ ਵਰਤੋਂ, ਵਿਕਰੀ, ਵੰਡ ਅਤੇ ਰੱਖਣ 'ਤੇ ਪਾਬੰਦੀ ਲਗਾਉਣਾ।
- ਪਟਾਕਿਆਂ ਦੀ ਵਿਕਰੀ ਨੂੰ ਛੁੱਟੀ ਤੋਂ ਪਹਿਲਾਂ ਸਿਰਫ 10 ਦਿਨਾਂ ਤੱਕ ਸੀਮਿਤ ਕਰਨਾ, ਜਿਸ ਵਿੱਚ ਛੁੱਟੀ ਵਾਲਾ ਦਿਨ ਸ਼ਾਮਲ ਨਹੀਂ ਹੈ।
- ਹੁਣ ਖਪਤਕਾਰ ਪਟਾਕਿਆਂ ਲਈ ਪਰਮਿਟ ਨਹੀਂ ਦਿੱਤੇ ਜਾਣਗੇ; ਸਿਰਫ ਡਿਸਪਲੇ ਜਾਂ ਪੇਸ਼ੇਵਰ ਪਟਾਕਿਆਂ ਲਈ ਪਰਮਿਟ ਮਨਜ਼ੂਰ ਕੀਤੇ ਜਾਣਗੇ।

ਜਿੱਥੇ ਤੁਸੀਂ ਖਪਤਕਾਰ ਪਟਾਕੇ ਨਹੀਂ ਵਰਤ ਸਕਦੇ, ਉਹ ਨਿਯਮ ਬਦਲਿਆ ਨਹੀਂ ਹੈ। ਪਾਰਕਾਂ, ਪਾਰਕਿੰਗ ਲੌਟਸ, ਸਟ੍ਰੀਟਸ, ਸਾਈਡਵਾਕਸ, ਜਾਂ ਤੁਹਾਡੀ ਮਲਕੀਅਤ ਵਾਲੀ ਪ੍ਰਾਪਰਟੀ ਤੋਂ ਇਲਾਵਾ ਕਿਤੇ ਵੀ ਪਟਾਕਿਆਂ ਦੀ ਇਜਾਜ਼ਤ ਨਹੀਂ ਹੈ। ਇਹ ਪਾਬੰਦੀਆਂ ਜਨਤਕ ਥਾਵਾਂ ਅਤੇ ਆਂਢ-ਗੁਆਂਢਾਂ ਵਿੱਚ ਲੋਕਾਂ ਅਤੇ ਪ੍ਰਾਪਰਟੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੀਆਂ ਹਨ।

ਆਪਣੇ ਗੁਆਂਢੀਆਂ ਨਾਲ ਸਤਿਕਾਰ ਨਾਲ ਪੇਸ਼ ਆਉਣਾ ਅਤੇ ਬਾਇ-ਲਾਅ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਾ ਯਾਦ ਰੱਖੋ। ਲਾਜ਼ਮੀ ਤੌਰ 'ਤੇ ਪਟਾਕਿਆਂ ਦੀ ਵਰਤੋਂ ਜ਼ਿੰਮੇਵਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਕਦੇ ਵੀ ਲੋਕਾਂ, ਜਾਨਵਰਾਂ, ਬਿਲਡਿੰਗਾਂ ਜਾਂ ਵਾਹਨਾਂ ਵੱਲ ਕਰਕੇ ਪਟਾਕੇ ਵਰਤਣਾ, ਸੁੱਟਣਾ ਜਾਂ ਚਲਾਉਣਾ ਨਹੀਂ ਚਾਹੀਦਾ। ਦੂਜਿਆਂ 'ਤੇ ਪਟਾਕੇ ਸੁੱਟਣਾ ਖ਼ਤਰਨਾਕ ਅਤੇ ਗੈਰ-ਕਾਨੂੰਨੀ ਹੈ ਅਤੇ ਇਸ ਨਾਲ ਗੰਭੀਰ ਸੱਟ ਲੱਗ ਸਕਦੀ ਹੈ ਜਾਂ ਪ੍ਰਾਪਰਟੀ ਨੂੰ ਨੁਕਸਾਨ ਹੋ ਸਕਦਾ ਹੈ। ਸੁਰੱਖਿਆ ਨੂੰ ਆਪਣੀ ਯੋਜਨਾ ਦਾ ਹਿੱਸਾ ਬਣਾਉਣਾ (Making safety part of your plan), ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਜਸ਼ਨ ਮਜ਼ੇਦਾਰ ਰਹਿਣ, ਨੁਕਸਾਨਦੇਹ ਨਹੀਂ।

ਪਟਾਕਿਆਂ ਦੀ ਵਰਤੋਂ ਤੋਂ ਬਾਅਦ, ਵਰਤੇ ਹੋਏ ਅਤੇ ਨਾ ਵਰਤੇ ਹੋਏ ਦੋਵੇਂ ਤਰ੍ਹਾਂ ਦੇ ਪਟਾਕਿਆਂ ਨੂੰ ਪੂਰੀ ਰਾਤ ਪਾਣੀ ਵਿੱਚ ਚੰਗੀ ਤਰ੍ਹਾਂ ਭਿਓਂ ਦਿਓ, ਇਹਨਾਂ ਵਿੱਚ ਫੁਲਝੜੀਆਂ ਵੀ ਸ਼ਾਮਲ ਹਨ। ਅਗਲੇ ਦਿਨ ਉਹਨਾਂ ਨੂੰ ਆਪਣੇ ਕੂੜੇ ਵਿੱਚ ਸੁੱਟ ਦਿਓ।

ਪਟਾਕਿਆਂ ਸਬੰਧੀ ਸ਼ਿਕਾਇਤ ਦਾਖਲ ਕਰਨ ਵੇਲੇ, 911 'ਤੇ ਕਾਲ ਕਰਨ ਤੋਂ ਪਰਹੇਜ਼ ਕਰੋ, ਜਦੋਂ ਤੱਕ ਕੋਈ ਜ਼ਖਮੀ ਨਾ ਹੋਵੇ ਜਾਂ ਅੱਗ ਲੱਗਣ ਦਾ ਤੁਰੰਤ ਖ਼ਤਰਾ ਨਾ ਹੋਵੇ। ਸਹੀ ਰਿਪੋਰਟਿੰਗ ਵਿਕਲਪ ਦੀ ਵਰਤੋਂ ਕਰਨਾ, ਐਮਰਜੈਂਸੀ ਲਾਈਨਾਂ ਨੂੰ ਜ਼ਰੂਰੀ ਕਾਲਾਂ ਲਈ ਖੁੱਲ੍ਹਾ ਰੱਖਣ ਵਿੱਚ ਮਦਦ ਕਰਦਾ ਹੈ। ਪਟਾਕਿਆਂ ਦੀ ਗੈਰ-ਕਾਨੂੰਨੀ ਵਰਤੋਂ ਦੀ ਰਿਪੋਰਟ ਕਰਨ ਲਈ, mississauga.ca/fireworks 'ਤੇ ਜਾਓ ਜਾਂ 311 'ਤੇ ਕਾਲ ਕਰੋ।

ਪਟਾਕਿਆਂ ਦੇ ਨਿਯਮਾਂ ਅਤੇ ਗੈਰ-ਕਾਨੂੰਨੀ ਵਰਤੋਂ ਦੀ ਰਿਪੋਰਟ ਕਰਨ ਬਾਰੇ ਹੋਰ ਜਾਣਕਾਰੀ ਲਈ, mississauga.ca/fireworks 'ਤੇ ਜਾਓ।

## ਕੈਨੇਡਾ ਡੇ ਦੌਰਾਨ ਅੱਗ ਤੋਂ ਸੁਰੱਖਿਆ

ਬਾਰਬੇਕਿਊ (BBQ) ਜਾਂ ਬਾਹਰ ਖਾਣਾ ਪਕਾਉਂਦੇ ਸਮੇਂ ਸੁਰੱਖਿਅਤ ਰਹੋ

ਬਾਹਰ ਖਾਣਾ ਪਕਾਉਣਾ ਜਸ਼ਨ ਮਨਾਉਣ ਦਾ ਇੱਕ ਪ੍ਰਸਿੱਧ ਤਰੀਕਾ ਹੈ, ਪਰ ਇਹ ਅੱਗ ਲੱਗਣ ਦਾ ਇੱਕ ਆਮ ਸਰੋਤ ਵੀ ਹੈ। ਕੁਝ ਸਾਵਧਾਨੀਆਂ ਵਰਤ ਕੇ ਸੱਟਾਂ ਅਤੇ ਪ੍ਰਾਪਰਟੀ ਦੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ:

- ਬਾਰਬੇਕਿਊ ਨੂੰ ਕਦੇ ਵੀ ਬਿਨਾਂ ਨਿਗਰਾਨੀ ਦੇ ਨਾ ਛੱਡੋ।
- ਕਦੇ ਵੀ ਆਪਣੇ ਗੈਰਾਜ ਵਿੱਚ ਖਾਣਾ ਨਾ ਪਕਾਓ ਜਾਂ ਬਾਰਬੇਕਿਊ ਨਾ ਕਰੋ।
- ਆਪਣੇ ਬਾਰਬੇਕਿਊ ਨੂੰ ਵਾੜਾਂ ਅਤੇ ਇਮਾਰਤਾਂ ਤੋਂ ਦੂਰ ਰੱਖੋ।
- ਹਰ ਵਰਤੋਂ ਤੋਂ ਬਾਅਦ ਆਪਣੀ ਗ੍ਰਿੱਲ ਸਾਫ਼ ਕਰੋ।

ਹੋਰ ਸੁਝਾਵਾਂ ਲਈ, ਸ਼ਹਿਰ ਦੀ BBQ ਸੁਰੱਖਿਆ ਗਾਈਡ (BBQ safety guide) ਦੇਖੋ।

## ਖੁੱਲ੍ਹੇ ਵਿੱਚ ਅੱਗ ਬਾਲਣ ਦੇ ਨਿਯਮਾਂ ਦੀ ਪਾਲਣਾ ਕਰੋ

ਤੁਸੀਂ ਸੂਰਜ ਚੜ੍ਹਨ ਤੋਂ ਲੈ ਕੇ ਰਾਤ 11 ਵਜੇ ਤੱਕ ਬਿਨਾਂ ਪਰਮਿਟ ਦੇ ਆਪਣੇ ਆਊਟਡੋਰ ਫਾਇਰਪਲੇਸ, ਫਾਇਰ ਪਿਟ ਜਾਂ ਸਮੋਕਹਾਊਸ (outdoor fireplace, fire pit or smokehouse without a permit) ਦੀ ਵਰਤੋਂ ਦਾ ਆਨੰਦ ਮਾਣ ਸਕਦੇ ਹੋ, ਜੇਕਰ ਤੁਸੀਂ ਖੁੱਲ੍ਹੇ ਵਿੱਚ ਅੱਗ ਬਾਲਣ ਦੇ ਬਾਇ-ਲਾਅ (Open Air Burning By-law) ਦੀ ਪਾਲਣਾ ਕਰਦੇ ਹੋ। ਇਹ ਨਿਯਮ ਅੱਗ ਫੈਲਣ ਨੂੰ ਰੋਕਣ ਅਤੇ ਧੂੰਏਂ ਸਬੰਧੀ ਸ਼ਿਕਾਇਤਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਤੁਹਾਡੇ ਲਈ ਲਾਜ਼ਮੀ ਹੈ:

- ਯਕੀਨੀ ਬਣਾਓ ਕਿ ਧੂੰਆਂ ਅਤੇ ਗੰਧ ਪਰੇਸ਼ਾਨੀ ਦਾ ਕਾਰਨ ਨਾ ਬਣਨ।
- ਅੱਗ ਨੂੰ ਬੁਝਾਏ ਜਾਣ ਤੱਕ ਕਦੇ ਵੀ ਬਿਨਾਂ ਨਿਗਰਾਨੀ ਦੇ ਨਾ ਛੱਡੋ।
- ਅੱਗ ਨੂੰ ਬਿਲਡਿੰਗਾਂ, ਸਟ੍ਰਕਚਰਾਂ, ਪ੍ਰਾਪਰਟੀ ਦੀਆਂ ਹੱਦਾਂ, ਦਰੱਖਤਾਂ, ਵਾੜਾਂ, ਸੜਕਾਂ, ਜਾਂ ਅੱਗ ਲੱਗਣ ਵਾਲੀ ਕਿਸੇ ਵੀ ਚੀਜ਼ ਤੋਂ ਘੱਟੋ-ਘੱਟ ਪੰਜ ਮੀਟਰ ਦੂਰ ਰੱਖੋ।

ਬਾਰਬੇਕਿਊ ਕਰਦੇ ਸਮੇਂ ਜਾਂ ਬਾਹਰ ਅੱਗ ਦੀ ਵਰਤੋਂ ਕਰਦੇ ਸਮੇਂ, ਹਮੇਸ਼ਾ ਨੇੜੇ ਇੱਕ ਅੱਗ ਬੁਝਾਊ ਯੰਤਰ ਜਾਂ ਪਾਣੀ ਦੀ ਪਾਈਪ ਰੱਖੋ। ਅੱਗ ਤੋਂ ਸੁਰੱਖਿਆ (fire safety) ਬਾਰੇ ਹੋਰ ਜਾਣੋ।

# ਪਾਰਕਿੰਗ, ਪਾਰਕ ਸਬੰਧੀ ਸ਼ਿਸ਼ਟਾਚਾਰ, ਅਤੇ ਇੱਕ ਚੰਗੇ ਗੁਆਂਢੀ ਬਣਨਾ

## ਕੈਨੇਡਾ ਡੇ ਨੂੰ ਸਟ੍ਰੀਟ 'ਤੇ ਪਾਰਕਿੰਗ

ਕੈਨੇਡਾ ਡੇ ਨੂੰ, ਪੰਜ ਘੰਟਿਆਂ ਦੀ ਸੀਮਾ ਤੋਂ ਵੱਧ, ਸਵੇਰੇ 8 ਵਜੇ ਤੋਂ ਰਾਤ 11:59 ਵਜੇ ਤੱਕ, ਸਟ੍ਰੀਟ 'ਤੇ ਪਾਰਕਿੰਗ ਦੀ ਇਜਾਜ਼ਤ ਹੈ।

City of Mississauga
300 City Centre Drive
Mississauga, ON L5B 3C1



ਪਾਰਕਿੰਗ ਸਬੰਧੀ ਬਾਕੀ ਸਾਰੇ ਨਿਯਮ ਅਜੇ ਵੀ ਲਾਗੂ ਹੁੰਦੇ ਹਨ। ਜਿੱਥੇ 'ਨੋ ਪਾਰਕਿੰਗ' ਦੇ ਸਾਈਨ ਬੋਰਡ ਲੱਗੇ ਹੋਣ, ਉੱਥੇ ਪਾਰਕ ਨਾ ਕਰੋ ਜਾਂ ਫੁੱਟਪਾਥ, ਅੱਗ ਬੁਝਾਉਣ ਵਾਲੇ ਰਸਤੇ, ਸਾਈਕਲ ਲੇਨਾਂ ਜਾਂ ਡਰਾਈਵਵੇਅਜ ਨੂੰ ਨਾ ਰੋਕੋ। ਸਹੀ ਢੰਗ ਨਾਲ ਪਾਰਕਿੰਗ ਕਰਨ ਨਾਲ ਸੜਕਾਂ ਨਿਰਵਿਘਨ ਰਹਿੰਦੀਆਂ ਹਨ ਤਾਂ ਜੋ ਐਮਰਜੈਂਸੀ ਵਾਹਨ ਆਸਾਨੀ ਨਾਲ ਲੰਘ ਸਕਣ।

## ਇੱਕ ਚੰਗੇ ਗੁਆਂਢੀ ਬਣੋ

ਜਸ਼ਨ ਰੌਣਕ ਭਰੇ ਹੋ ਸਕਦੇ ਹਨ, ਪਰ ਬਹੁਤ ਜ਼ਿਆਦਾ ਸ਼ੋਰ ਨੇੜਲੇ ਵਸਨੀਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸ਼ਿਕਾਇਤਾਂ ਜਾਂ ਜੁਰਮਾਨੇ ਤੋਂ ਬਚਣ ਲਈ, ਸ਼ੋਰ ਨਿਯੰਤਰਣ ਬਾਇ-ਲਾਅ (Noise Control By-law) ਦੀ ਪਾਲਣਾ ਕਰੋ। ਅਜਿਹਾ ਸ਼ੋਰ, ਜੋ ਗੁਆਂਢੀਆਂ ਨੂੰ ਪਰੇਸ਼ਾਨ ਕਰ ਸਕਦਾ ਹੈ, ਉਸਨੂੰ ਘੱਟ ਰੱਖਿਆ ਜਾਣਾ ਚਾਹੀਦਾ ਹੈ:

- ਸੋਮਵਾਰ ਤੋਂ ਸ਼ਨੀਵਾਰ: ਰਾਤ 11 ਵਜੇ ਤੋਂ ਸਵੇਰੇ 7 ਵਜੇ ਤੱਕ
- ਸ਼ਨੀਵਾਰ ਰਾਤ ਤੋਂ ਐਤਵਾਰ ਸਵੇਰ: ਰਾਤ 11 ਵਜੇ ਤੋਂ ਸਵੇਰੇ 9 ਵਜੇ ਤੱਕ।

ਸ਼ੋਰ ਅਤੇ ਜ਼ਿੰਮੇਵਾਰੀ ਨਾਲ ਇਕੱਠੇ ਹੋਣ (gathering responsibly) ਬਾਰੇ ਸੁਚੇਤ ਰਹਿਣਾ, ਤੁਹਾਡੀ ਕਮਿਊਨਿਟੀ ਵਿੱਚ ਸਕਾਰਾਤਮਕ ਸਬੰਧਾਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

## ਪਾਰਕਾਂ ਵਿੱਚ ਪਾਰਕਿੰਗ

ਕੀ ਤੁਸੀਂ ਝੀਲ ਦੇ ਕਿਨਾਰੇ ਜਾਂ Mississauga ਦੇ ਕਿਸੇ ਵੀ ਪਾਰਕ ਵਿੱਚ ਜਾ ਰਹੇ ਹੋ? ਪਾਰਕਾਂ ਵਿੱਚ ਆਉਣ ਵੇਲੇ ਸਿਰਫ ਨਿਰਧਾਰਤ ਖੇਤਰਾਂ ਵਿੱਚ ਹੀ ਪਾਰਕਿੰਗ ਕਰੋ। ਗੈਰ-ਕਾਨੂੰਨੀ ਢੰਗ ਨਾਲ ਪਾਰਕ ਕੀਤੇ ਵਾਹਨ ਐਮਰਜੈਂਸੀ ਸੇਵਾਵਾਂ ਲਈ ਰਸਤਾ ਰੋਕ ਸਕਦੇ ਹਨ ਅਤੇ ਸੁਰੱਖਿਆ ਦੇ ਖ਼ਤਰੇ ਪੈਦਾ ਕਰ ਸਕਦੇ ਹਨ।

ਗੈਰ-ਕਾਨੂੰਨੀ ਤੌਰ 'ਤੇ ਪਾਰਕਿੰਗ ਕਰਨ (Parking illegally) 'ਤੇ ਜੁਰਮਾਨਾ ਵੀ ਹੋ ਸਕਦਾ ਹੈ। ਬੁੱਧਵਾਰ, 30 ਸਤੰਬਰ ਤੱਕ, ਲੋਕਲ ਸੜਕਾਂ, ਸ਼ਹਿਰ ਦੇ ਪਾਰਕਾਂ ਅਤੇ ਲੇਕਸ਼ੋਰ ਰੋਡ (Lakeshore Road) ਦੇ ਦੱਖਣ ਵਿੱਚ ਸਥਿਤ ਮਿਊਨਿਸਿਪਲਟੀ ਦੇ ਪਾਰਕਿੰਗ ਸਥਾਨਾਂ 'ਤੇ ਪਾਰਕਿੰਗ ਅਤੇ ਰੁਕਣ ਦੀਆਂ ਉਲੰਘਣਾਵਾਂ 'ਤੇ $100 ਜਾਂ ਇਸ ਤੋਂ ਵੱਧ ਦਾ ਜੁਰਮਾਨਾ ਲੱਗੇਗਾ।

## ਪਾਰਕ ਸਬੰਧੀ ਸ਼ਿਸ਼ਟਾਚਾਰ

Mississauga ਦੇ ਪਾਰਕਾਂ (Mississauga's parks) ਵਿੱਚੋਂ ਕਿਸੇ ਵੀ ਪਾਰਕ ਵਿੱਚ ਜਾਣ ਵੇਲੇ ਪਾਰਕ ਦੇ ਨਿਯਮਾਂ ਦੀ ਪਾਲਣਾ ਕਰਨਾ, ਸਾਂਝੀਆਂ ਥਾਵਾਂ ਦੀ ਰੱਖਿਆ ਕਰਨ ਵਿੱਚ ਮਦਦ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਕੋਈ ਉਹਨਾਂ ਦਾ ਆਨੰਦ ਲੈ ਸਕੇ:

- ਕੂੜੇ ਦਾ ਨਿਬੇੜਾ ਸਹੀ ਢੰਗ ਨਾਲ ਕਰੋ।

- ਆਪਣੇ ਕੁੱਤੇ ਦਾ ਪਖਾਨਾ ਸਾਫ਼ ਕਰੋ ਅਤੇ ਪਾਲਤੂ ਜਾਨਵਰਾਂ ਨੂੰ ਜੰਜੀਰ ਨਾਲ ਬੰਨ੍ਹ ਕੇ ਰੱਖੋ।
- ਜੰਗਲੀ ਜਾਨਵਰਾਂ ਨੂੰ ਖਾਣਾ ਨਾ ਖੁਆਓ।
- ਬਾਰਬੇਕਿਊ ਸਿਰਫ ਨਿਰਧਾਰਤ ਖੇਤਰਾਂ ਵਿੱਚ ਹੀ ਕਰੋ।
- ਗਰਮ ਕੋਇਲਿਆਂ ਦਾ ਨਿਬੇੜਾ ਨਿਰਧਾਰਤ ਡੱਬਿਆਂ ਵਿੱਚ ਢੰਗ ਨਾਲ ਕਰੋ।

ਇਸ ਕੈਨੇਡਾ ਡੇ ਨੂੰ, ਇੱਕ ਚੰਗਾ ਗੁਆਂਢੀ ਬਣਨਾ ਅਤੇ ਸ਼ਹਿਰ ਦੇ ਨਿਯਮਾਂ ਦੀ ਪਾਲਣਾ ਕਰਨਾ, ਹਰ ਕਿਸੇ ਨੂੰ ਛੁੱਟੀ ਦਾ ਸੁਰੱਖਿਅਤ ਢੰਗ ਨਾਲ ਆਨੰਦ ਲੈਣ ਵਿੱਚ ਮਦਦ ਕਰੇਗਾ। ਸਾਰਿਆਂ ਲਈ ਮਨੋਰੰਜਕ ਅਤੇ ਸੁਰੱਖਿਅਤ ਕੈਨੇਡਾ ਡੇ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੇ, ਸ਼ਹਿਰ ਦੇ ਸਟਾਫ਼ ਪ੍ਰਤੀ ਤੁਹਾਡੇ ਸਹਿਯੋਗ ਅਤੇ ਸਤਿਕਾਰ ਲਈ ਧੰਨਵਾਦ।

-30-

**ਮੀਡੀਆ ਸੰਪਰਕ**

Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਂਸ਼ਨ 5232
TTY: 905-896-5151